# ਵਿਦਿਆਰਥੀਆਂ ਲਈ ਕਰੀਅਰ ਸਿੱਖਿਆ ਨੂੰ ਬਿਹਤਰ ਬਣਾਉਣਾ

17 ਅਪ੍ਰੈਲ, 2023

## ਅਲਬਰਟਾ ਦੀ ਸਰਕਾਰ ਕਰੀਅਰ ਐਜੂਕੇਸ਼ਨ ਟਾਸਕ ਫੋਰਸ (Career Education Task Force) ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਕਰੀਅਰ ਐਜੂਕੇਸ਼ਨ ਪ੍ਰੋਗਰਾਮਿੰਗ ਨੂੰ ਮਜ਼ਬੂਤ ਕਰ ਰਹੀ ਹੈ।

ਸੂਬੇ ਦੀ ਵੱਧ ਰਹੀ ਅਤੇ ਵਿਵਿਧਤਾ ਵਾਲੀ ਅਰਥ-ਵਿਵਸਥਾ ਵਿੱਚ ਕਰੀਅਰ ਲਈ ਅਲਬਰਟਾ ਦੇ ਵਿਦਿਆਰਥੀਆਂ ਨੂੰ ਤਿਆਰ ਕਰਨਾ ਪੂਰੇ ਸੂਬੇ ਵਿੱਚ ਬਹੁਤ ਜ਼ਰੂਰੀ ਅਹੁਦਿਆਂ ਨੂੰ ਭਰਨ ਅਤੇ ਅਰਥ-ਵਿਵਸਥਾ ਨੂੰ ਹੋਰ ਹੁਲਾਰਾ ਦੇਣ ਲਈ ਮਹੱਤਵਪੂਰਨ ਹੈ। ਪੂਰੇ ਨਵੰਬਰ ਅਤੇ ਦਸੰਬਰ 2022 ਦੌਰਾਨ, ਟਾਸਕ ਫੋਰਸ ਨੇ ਅਲਬਰਟਾ ਵਿੱਚ ਯਾਤਰਾ ਕੀਤੀ ਅਤੇ ਵਿਦਿਆਰਥੀਆਂ, ਅਧਿਆਪਕਾਂ, ਸਿੱਖਿਆ ਭਾਗੀਦਾਰਾਂ ਅਤੇ ਉਦਯੋਗ ਦੇ ਨੇਤਾਵਾਂ ਦੀ ਗੱਲ ਸੁਣੀ ਤਾਂ ਜੋ ਇਹ ਨਿਰਧਾਰਿਤ ਕੀਤਾ ਜਾ ਸਕੇ ਕਿ ਸਰਕਾਰ ਪਹੁੰਚ ਨੂੰ ਬਿਹਤਰ ਬਣਾਉਣ ਅਤੇ ਕਰੀਅਰ ਸਿੱਖਿਆ ਵਿੱਚ ਰੁਕਾਵਟਾਂ ਨੂੰ ਸੀਮਿਤ ਕਰਨ ਲਈ ਕਿਵੇਂ ਮਦਦ ਕਰ ਸਕਦੀ ਹੈ।

ਉਹਨਾਂ ਦੀਆਂ ਸਿਫ਼ਾਰਸ਼ਾਂ ਵਿੱਚ ਕੈਂਪਸ ਤੋਂ ਬਾਹਰ ਸਿੱਖਿਆ ਤੱਕ ਪਹੁੰਚ ਵਧਾਉਣਾ, ਵਿੱਤੀ ਅਤੇ ਪਹੁੰਚਯੋਗਤਾ ਸੰਬੰਧੀ ਰੁਕਾਵਟਾਂ ਨੂੰ ਘਟਾਉਣਾ, ਅਧਿਆਪਕਾਂ ਦੀ ਸਿਖਲਾਈ ਦੇ ਮੌਕਿਆਂ ਦਾ ਵਿਸਤਾਰ ਕਰਨਾ, ਵਜ਼ੀਫ਼ੇ ਦੇ ਮੌਕੇ ਪੈਦਾ ਕਰਨਾ ਅਤੇ ਪ੍ਰੋਗਰਾਮ ਦੇ ਪ੍ਰਭਾਵਸ਼ਾਲੀ ਮੁਲਾਂਕਣ ਨੂੰ ਯਕੀਨੀ ਬਣਾਉਣਾ ਸ਼ਾਮਲ ਹੈ। ਉਦਯੋਗ ਲਈ ਰੁਜ਼ਗਾਰ ਦੇ ਦਬਾਅ ਨੂੰ ਦੂਰ ਕਰਨ ਵਿੱਚ ਮਦਦ ਕਰਦੇ ਹੋਏ ਵਿਦਿਆਰਥੀਆਂ ਲਈ ਵਿਹਾਰਕ ਸਿੱਖਿਆ ਦੇ ਤਜ਼ਰਬਿਆਂ ਲਈ ਹੋਰ ਮੌਕੇ ਪੈਦਾ ਕਰਨਾ ਅਲਬਰਟਾ ਦੀ ਅਰਥ-ਵਿਵਸਥਾ ਨੂੰ ਆਉਣ ਵਾਲੇ ਦਹਾਕਿਆਂ ਤੱਕ ਅੱਗੇ ਵੱਧਦਾ ਰੱਖੇਗਾ।

"ਅਲਬਰਟਾ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਵਿਦਿਆਰਥੀਆਂ ਨੂੰ ਆਪਣੀਆਂ ਕਰੀਅਰ ਸੰਬੰਧੀ ਦਿਲਚਸਪੀਆਂ ਨੂੰ ਅੱਗੇ ਵਧਾਉਣ ਅਤੇ ਅਲਬਰਟਾ ਦੇ ਵੱਧ ਰਹੇ ਨੌਕਰੀ ਬਾਜ਼ਾਰ ਵਿੱਚ ਕਾਮਯਾਬ ਹੋਣ ਦਾ ਹਰ ਮੌਕਾ ਮਿਲੇ। ਕਰੀਅਰ ਐਜੂਕੇਸ਼ਨ ਟਾਸਕ ਫੋਰਸ ਦੀ ਕੀਮਤੀ ਸਲਾਹ ਲਈ ਧੰਨਵਾਦ, ਸਾਡੇ ਕੋਲ ਕਰੀਅਰ ਸਿੱਖਿਆ ਨੂੰ ਬਿਹਤਰ ਬਣਾਉਣ ਦੀ ਯੋਜਨਾ ਹੈ ਜੋ ਵਿਦਿਆਰਥੀਆਂ ਨੂੰ ਕੰਮ ਕਰਨ ਦੀ ਥਾਂ ਅਤੇ ਇਸ ਤੋਂ ਅਗਾਂਹ ਸਫਲਤਾ ਦੇ ਮਾਰਗ 'ਤੇ ਪਾਏਗੀ।"

*ਐਡਰੀਆਨਾ ਲਾਗਰੇਂਜ (Adriana LaGrange), ਸਿੱਖਿਆ ਮੰਤਰੀ*

ਟਾਸਕ ਫੋਰਸ ਦੀ ਅੰਤਿਮ ਰਿਪੋਰਟ ਵਰਤਮਾਨ ਵਿੱਚ ਉਪਲਬਧ ਕਰੀਅਰ ਐਜੂਕੇਸ਼ਨ ਪ੍ਰੋਗਰਾਮਿੰਗ ਦੀ ਇੱਕ ਵਿਆਪਕ ਸਮੀਖਿਆ ਅਤੇ ਸਿੱਖਿਆ ਭਾਗੀਦਾਰਾਂ, ਕਾਰੋਬਾਰਾਂ ਅਤੇ ਉਦਯੋਗ ਦੇ ਭਾਈਵਾਲਾਂ, ਅਤੇ ਅਲਬਰਟਾ ਵਾਸੀਆਂ ਨਾਲ ਸ਼ਮੂਲੀਅਤ ਤੋਂ ਬਾਅਦ ਤਿਆਰ ਕੀਤੀ ਗਈ ਸੀ। ਰਿਪੋਰਟ ਵਿੱਚ ਸੂਬੇ ਭਰ ਵਿੱਚ ਵਿਦਿਆਰਥੀਆਂ ਲਈ ਕਰੀਅਰ ਐਜੂਕੇਸ਼ਨ ਪ੍ਰੋਗਰਾਮਿੰਗ ਨੂੰ ਮਜ਼ਬੂਤ ਕਰਨ ਲਈ ਸਿਫ਼ਾਰਸ਼ਾਂ ਸ਼ਾਮਲ ਹਨ। ਅਲਬਰਟਾ ਦੀ ਸਰਕਾਰ ਪੰਜ ਸਿਫ਼ਾਰਸ਼ਾਂ ਨੂੰ ਤੁਰੰਤ ਸੰਬੋਧਿਤ ਕਰੇਗੀ ਅਤੇ ਬਾਕੀਆਂ ਦਾ ਭਵਿੱਖ ਵਿੱਚ ਵਿਚਾਰ ਕੀਤੇ ਜਾਣ ਲਈ ਮੁਲਾਂਕਣ ਕਰੇਗੀ:

- ਇਸ ਗੱਲ ਵੱਲ ਧਿਆਨ ਦਿੱਤੇ ਬਿਨਾਂ ਕਿ ਉਹ ਕਿਹੜੇ ਸਕੂਲ ਵਿੱਚ ਪੜ੍ਹਦੇ ਹਨ, ਸਾਰੇ ਵਿਦਿਆਰਥੀਆਂ ਲਈ ਕੈਂਪਸ ਤੋਂ ਬਾਹਰ ਸਿੱਖਿਆ ਤੱਕ ਪਹੁੰਚ ਦੀ ਅਸਾਨੀ ਨੂੰ ਵਧਾਉਣਾ।
- ਵਿੱਤੀ, ਪਹੁੰਚਯੋਗਤਾ ਅਤੇ ਜਾਗਰੂਕਤਾ ਸੰਬੰਧੀ ਰੁਕਾਵਟਾਂ ਨੂੰ ਦੂਰ ਕਰਨ ਲਈ ਦੋਹਰੀ ਕ੍ਰੈਡਿਟ ਪ੍ਰੋਗਰਾਮਿੰਗ ਦੀ ਸਮੀਖਿਆ ਕਰਨਾ।
- ਕਰੀਅਰ ਅਤੇ ਤਕਨਾਲੋਜੀ ਪੜ੍ਹਾਈ ਅਤੇ ਕਰੀਅਰ ਅਤੇ ਤਕਨਾਲੋਜੀ ਫਾਉਂਡੇਸ਼ਨ ਪ੍ਰੋਗਰਾਮਿੰਗ ਲਈ ਅਧਿਆਪਕ ਸਿਖਲਾਈ ਦੇ ਮੌਕਿਆਂ ਨੂੰ ਵਿਕਸਿਤ ਕਰਨਾ ਅਤੇ ਉਹਨਾਂ ਲਈ ਫੰਡ ਦੇਣਾ।
- ਵਿਦਿਆਰਥੀਆਂ ਲਈ ਕਰੀਅਰ ਐਜੂਕੇਸ਼ਨ ਵਜ਼ੀਫ਼ਿਆਂ ਨੂੰ ਵਿਕਸਿਤ ਅਤੇ ਉਤਸ਼ਾਹਿਤ ਕਰਨਾ।
- ਕਰੀਅਰ ਐਜੂਕੇਸ਼ਨ ਪ੍ਰੋਗਰਾਮਿੰਗ ਨੂੰ ਮਾਪਣ ਅਤੇ ਮੁਲਾਂਕਣ ਕਰਨ ਦੇ ਤਰੀਕੇ ਨੂੰ ਬਿਹਤਰ ਬਣਾਉਣਾ।

"ਵਿਹਾਰਕ ਕੰਮ ਕਰਦੇ ਹੋਏ ਸਿੱਖਣਾ, ਕੰਮ ਵਾਲੀ ਥਾਂ ਜਾਂ ਭਵਿੱਖ ਦੀ ਸਿੱਖਿਆ ਲਈ ਗ੍ਰੈਜੂਏਟ ਤਿਆਰੀ ਨੂੰ ਵਧਾਉਣ ਦਾ ਇੱਕ ਸਿੱਧ ਤਰੀਕਾ ਹੈ, ਜਿਸ ਕਾਰਨ ਇਹ ਅਲਬਰਟਾ ਦੇ ਵਿਦਿਆਰਥੀਆਂ ਲਈ ਮਹੱਤਵਪੂਰਨ ਬਣ ਜਾਂਦਾ ਹੈ। ਇਹ ਸਿਫ਼ਾਰਸ਼ਾਂ ਇੱਕ ਵਧੇਰੇ ਆਧੁਨਿਕ ਸਿੱਖਿਆ ਪ੍ਰਣਾਲੀ ਨੂੰ ਬਣਾਉਣ ਵਿੱਚ ਸਾਡੀ ਮਦਦ ਕਰਨਗੀਆਂ ਜੋ ਅਲਬਰਟਾ ਵਾਸੀਆਂ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਦਰਸਾਉਂਦੀ ਹੈ ਅਤੇ ਵਿਦਿਆਰਥੀਆਂ ਦੀ ਉਹਨਾਂ ਹੁਨਰਾਂ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਦੀ ਹੈ ਜਿਨ੍ਹਾਂ ਦੀ ਉਹਨਾਂ ਨੂੰ ਸਫਲ ਹੋਣ ਲਈ ਲੋੜ ਹੁੰਦੀ ਹੈ।”

*ਕੇਸੀ ਮਾਡੂ (Kaycee Madu), ਹੁਨਰਮੰਦ ਕਿੱਤੇ ਅਤੇ ਪੇਸ਼ੇ ਸੰਬੰਧੀ ਮੰਤਰੀ*

“ਸਾਡੀ ਸਰਕਾਰ ਅਲਬਰਟਾ ਦੇ ਭਵਿੱਖ ਵਿੱਚ ਨਿਵੇਸ਼ ਕਰਨਾ ਅਤੇ ਅਲਬਰਟਾ ਦੇ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕਰਨਾ ਜਾਰੀ ਰੱਖ ਰਹੀ ਹੈ। ਕਰੀਅਰ ਐਜੂਕੇਸ਼ਨ ਟਾਸਕ ਫੋਰਸ (Career Education Task Force) ਦਾ ਕੰਮ ਸਿੱਖਣ ਦੀਆਂ ਰੁਕਾਵਟਾਂ ਨੂੰ ਘਟਾਏਗਾ ਅਤੇ ਸਫਲ ਕਰੀਅਰ ਬਣਾਉਣ ਲਈ ਲੋੜੀਂਦੇ ਹੁਨਰ ਸਿੱਖਣ ਵਿੱਚ ਵਿਦਿਆਰਥੀਆਂ ਦੀ ਮਦਦ ਕਰੇਗਾ।"

*ਡਿਮੇਟ੍ਰੀਓਸ ਨਿਕੋਲਾਈਡਸ (Demetrios Nicolaides), ਉੱਨਤ ਸਿੱਖਿਆ ਲਈ ਮੰਤਰੀ*

“ਪੂਰਵ ਅਨੁਮਾਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਆਉਣ ਵਾਲੇ ਦਹਾਕੇ ਵਿੱਚ ਅਲਬਰਟਾ ਵਿੱਚ 100,000 ਤੱਕ ਹੁਨਰਮੰਦ ਕੰਮਾਂ ਦੀਆਂ ਅਸਾਮੀਆਂ ਉਪਲਬਧ ਹੋਣਗੀਆਂ। ਕਰੀਅਰ ਐਜੂਕੇਸ਼ਨ ਟਾਸਕ ਫੋਰਸ ਦੁਆਰਾ ਨੌਜਵਾਨ ਅਲਬਰਟਾ ਵਾਸੀਆਂ ਨੂੰ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਨ ਦੇ ਨਾਲ, ਅਸੀਂ ਬਹੁਤ ਸਾਰੇ ਮੌਜੂਦਾ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਚਾਰ-ਸਾਲਾ ਡਿਗਰੀ ਵਾਲੇ ਹੁਨਰਮੰਦ ਕੰਮਾਂ ਵਿੱਚ ਸਫਲਤਾ ਲਈ ਸਥਾਪਤ ਕਰ ਰਹੇ ਹਾਂ।"

*ਬ੍ਰਾਇਨ ਜੀਨ (Brian Jean), ਨੌਕਰੀਆਂ, ਅਰਥ-ਵਿਵਸਥਾ ਅਤੇ ਉੱਤਰੀ ਵਿਕਾਸ ਮੰਤਰੀ*

ਆਉਣ ਵਾਲੇ ਹਫ਼ਤਿਆਂ ਵਿੱਚ, ਅਲਬਰਟਾ ਐਜੂਕੇਸ਼ਨ (Alberta Education) ਇਹਨਾਂ ਸਿਫ਼ਾਰਸ਼ਾਂ ਨੂੰ ਵਿਕਸਿਤ ਕਰਨ ਅਤੇ ਲਾਗੂ ਕਰਨ ਲਈ ਸਿੱਖਿਆ ਭਾਈਵਾਲਾਂ ਅਤੇ ਅੰਤਰ-ਮੰਤਰਾਲਾ ਕਾਰਜ ਸਮੂਹਾਂ ਨਾਲ ਕੰਮ ਕਰੇਗੀ। ਇਹਨਾਂ ਸਿਫ਼ਾਰਸ਼ਾਂ ਨੂੰ ਲਾਗੂ ਕਰਨਾ ਅਲਬਰਟਾ ਦੇ ਕਲਾਸਰੂਮਾਂ ਵਿੱਚ ਪਹਿਲਾਂ ਹੀ ਕੀਤੇ ਜਾ ਰਹੇ ਕੰਮ ਨੂੰ ਮਜ਼ਬੂਤ ਕਰੇਗਾ। ਕਰੀਅਰ ਸਿੱਖਿਆ ਦੇ ਕੁਝ ਪਹਿਲੂਆਂ ਨੂੰ ਨਵੇਂ K-6 ਸਰੀਰਕ ਸਿੱਖਿਆ ਅਤੇ ਤੰਦਰੁਸਤੀ ਪਾਠਕ੍ਰਮ ਦੁਆਰਾ ਸੰਬੋਧਿਤ ਕੀਤਾ ਗਿਆ ਹੈ। ਉਦਾਹਰਨ ਲਈ, K-3 ਵਿੱਚ, ਵਿਦਿਆਰਥੀ ਕੰਮ ਦੀਆਂ ਸਥਿਤੀਆਂ ਵਿੱਚ ਭੂਮਿਕਾਵਾਂ ਅਤੇ ਜੀਵਨ ਅਤੇ ਕਰੀਅਰ ਦੇ ਪੜਾਵਾਂ ਨਾਲ ਇਹਨਾਂ ਦੇ ਸੰਬੰਧ ਬਾਰੇ ਸਿੱਖਣਗੇ। ਗ੍ਰੇਡ 4 ਤੋਂ 6 ਤੱਕ, ਵਿਦਿਆਰਥੀ ਕਰੀਅਰ ਦੇ ਤਜ਼ਰਬਿਆਂ ਅਤੇ ਵਲੰਟੀਅਰਵਾਦ ਬਾਰੇ ਸਿੱਖਣਗੇ।

ਟਾਸਕ ਫੋਰਸ ਦੀਆਂ ਕਈ ਸਿਫ਼ਾਰਸ਼ਾਂ ਨੂੰ ਹੱਲ ਕਰਨ ਲਈ, ਸਰਕਾਰ CAREERS ਨਾਲ ਕੰਮ ਕਰੇਗੀ: ਆਫ-ਕੈਂਪਸ ਪ੍ਰੋਗਰਾਮਾਂ ਵਿੱਚ ਵਧੀ ਹੋਈ ਭਾਗੀਦਾਰੀ ਅਤੇ ਇੰਟਰਨਸ਼ਿਪ ਸਹਾਇਤਾ ਅਤੇ ਤਾਲਮੇਲ ਨੂੰ ਬਿਹਤਰ ਬਣਾਉਣ ਲਈ ਗ੍ਰਾਂਟ ਫੰਡਿੰਗ ਬਾਰੇ ਅਗਲੀ ਪੀੜ੍ਹੀ। ਵਿਦਿਆਰਥੀਆਂ ਨੂੰ ਰੁਜ਼ਗਾਰਦਾਤਾਵਾਂ ਨਾਲ ਇੰਟਰਨਸ਼ਿਪ ਪਲੇਸਮੈਂਟ ਤੱਕ ਪਹੁੰਚ ਕਰਨ ਵਿੱਚ ਮਦਦ ਕਰਨ ਵਾਸਤੇ ਸਾਂਝੇ ਸਰੋਤਾਂ ਰਾਹੀਂ ਸਹਿਯੋਗ ਕਰਨ ਲਈ CAREERS, ਸਕੂਲ ਅਥਾਰਟੀਆਂ ਨਾਲ ਜੁੜਨਗੇ।

ਅੰਤਮ ਰਿਪੋਰਟ ਵਿੱਚ ਇੱਕ ਸੂਬਾਈ ਫ੍ਰੇਮਵਰਕ ਸ਼ਾਮਲ ਹੈ ਜੋ ਅਲਬਰਟਾ ਵਿੱਚ ਭਵਿੱਖ ਵਿੱਚ ਕਰੀਅਰ ਸਿੱਖਿਆ ਦੇ ਵਿਕਾਸ ਅਤੇ ਡਿਲੀਵਰੀ ਲਈ ਦਿਸ਼ਾ ਨਿਰਧਾਰਤ ਕਰਦਾ ਹੈ। ਫ੍ਰੇਮਵਰਕ ਵਿਦਿਆਰਥੀਆਂ ਦੀ ਵਿਹਾਰਕ, ਬੁਨਿਆਦੀ ਸਿੱਖਿਆ ਦੇ ਮੌਕਿਆਂ ਤੱਕ ਪਹੁੰਚ ਵਿੱਚ ਸੁਧਾਰ ਕਰੇਗਾ ਜੋ ਅਲਬਰਟਾ ਦੀ ਅਰਥ-ਵਿਵਸਥਾ ਨੂੰ ਹੁਲਾਰਾ ਦੇਵੇਗਾ। ਇਹ ਕਰੀਅਰ ਐਜੂਕੇਸ਼ਨ ਪ੍ਰੋਗਰਾਮਿੰਗ ਲਈ ਸੱਤ ਲੋੜੀਂਦੇ ਨਤੀਜਿਆਂ ਨੂੰ ਉਜਾਗਰ ਕਰਦਾ ਹੈ, ਜਿਸ ਵਿੱਚ ਕਰੀਅਰ ਸਿੱਖਿਆ ਦੀ ਸਰਲ ਡਿਲੀਵਰੀ ਅਤੇ ਸਿੱਖਿਆ ਅਤੇ ਰੁਜ਼ਗਾਰਦਾਤਾਵਾਂ ਨੂੰ ਇਕਸਾਰ ਕਰਨ ਵਾਲੀਆਂ ਸਹਿਯੋਗੀ ਭਾਈਵਾਲੀਆਂ ਸ਼ਾਮਲ ਹਨ।

## ਫੌਰੀ ਤੱਥ

- ਨਵੰਬਰ ਅਤੇ ਦਸੰਬਰ 2022 ਵਿੱਚ, ਟਾਸਕ ਫੋਰਸ ਨੇ ਸਿੱਖਿਆ ਭਾਈਵਾਲਾਂ, ਕਾਰੋਬਾਰ ਅਤੇ ਉਦਯੋਗ ਦੇ ਹਿੱਸੇਦਾਰਾਂ ਅਤੇ ਅਲਬਰਟਾ ਵਾਸੀਆਂ ਨਾਲ ਸੰਪਰਕ ਕੀਤਾ ਤਾਂ ਜੋ ਕਰੀਅਰ ਐਜੂਕੇਸ਼ਨ ਪ੍ਰੋਗਰਾਮਿੰਗ 'ਤੇ ਉਹਨਾਂ ਦੇ ਵਿਲੱਖਣ ਦ੍ਰਿਸ਼ਟੀਕੋਣਾਂ ਅਤੇ ਸਥਾਨਕ ਸੂਝ ਨੂੰ ਸਮਝਿਆ ਜਾ ਸਕੇ।
- ਕਰੀਅਰ ਐਜੂਕੇਸ਼ਨ ਪ੍ਰੋਗਰਾਮਿੰਗ ਵਰਤਮਾਨ ਵਿੱਚ K-12 ਸਿੱਖਿਆ ਪ੍ਰਣਾਲੀ ਵਿੱਚ ਵਿਦਿਆਰਥੀਆਂ ਲਈ ਉਪਲਬਧ ਹੈ, ਜਿਸ ਵਿੱਚ ਗ੍ਰੇਡ 10 ਤੋਂ 12 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਪ੍ਰੋਗਰਾਮਿੰਗ ਵਿੱਚ ਪੰਜ ਭਾਗ ਸ਼ਾਮਲ ਹਨ:
    - **ਕਰੀਅਰ ਅਤੇ ਟੈਕਨਾਲੋਜੀ ਫਾਊਂਡੇਸ਼ਨ** (CTF), ਜਿੱਥੇ ਗ੍ਰੇਡ 5 ਤੋਂ 9 ਦੇ ਵਿਦਿਆਰਥੀ ਵੱਖ-ਵੱਖ ਕਰੀਅਰ ਸੰਭਾਵਨਾਵਾਂ ਬਾਰੇ ਸਿੱਖ ਕੇ ਅਤੇ ਵੱਖ-ਵੱਖ ਪੇਸ਼ਿਆਂ ਦੀ ਪੜਚੋਲ ਕਰਕੇ ਆਪਣੀਆਂ ਦਿਲਚਸਪੀਆਂ ਦੀ ਪੜਚੋਲ ਕਰਦੇ ਹਨ।
    - **ਕਰੀਅਰ ਅਤੇ ਟੈਕਨਾਲੋਜੀ ਸਟੱਡੀਜ਼** (CTS), ਜਿੱਥੇ ਵਿਦਿਆਰਥੀ ਵਿਹਾਰਕ ਹੁਨਰਾਂ ਨੂੰ ਵਿਕਸਿਤ ਕਰਨ ਅਤੇ ਆਪਣੀ ਰੁਜ਼ਗਾਰ ਯੋਗਤਾ ਅਤੇ/ਜਾਂ ਸੈਕੰਡਰੀ ਤੋਂ ਬਾਅਦ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਲਈ ਕੋਰਸ ਲੈਂਦੇ ਹਨ।

- **ਦੋਹਰਾ ਕ੍ਰੈਡਿਟ**, ਜਿੱਥੇ ਹਾਈ ਸਕੂਲ ਦੇ ਵਿਦਿਆਰਥੀ ਉਹ ਕੋਰਸ ਕਰਦੇ ਹਨ ਜੋ ਹਾਈ ਸਕੂਲ ਅਤੇ ਪੋਸਟ-ਸੈਕੰਡਰੀ ਕ੍ਰੈਡਿਟ, ਦੋਵੇਂ ਹਾਸਲ ਕਰਦੇ ਹੋਏ ਉਹਨਾਂ ਦੇ ਕਰੀਅਰ ਦੀਆਂ ਦਿਲਚਸਪੀਆਂ ਨੂੰ ਖੋਜਣ ਵਿੱਚ ਉਹਨਾਂ ਦੀ ਮਦਦ ਕਰਦੇ ਹਨ।
- **ਗਿਆਨ ਅਤੇ ਰੁਜ਼ਗਾਰਯੋਗਤਾ ਕਿੱਤਾਮੁਖੀ ਕੋਰਸ**, ਜਿੱਥੇ ਵਿਦਿਆਰਥੀ ਸਰਗਰਮ ਅਤੇ ਜ਼ਿੰਮੇਵਾਰ ਨਾਗਰਿਕ ਬਣਨ, ਆਪਣੇ ਵਿਦਿਅਕ ਅਤੇ ਕਰੀਅਰ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਅਤੇ ਆਪਣੇ ਭਾਈਚਾਰਿਆਂ 'ਤੇ ਸਕਾਰਾਤਮਕ ਪ੍ਰਭਾਵ ਪਾਉਣ ਲਈ ਰੁਜ਼ਗਾਰ ਯੋਗਤਾ ਦੇ ਹੁਨਰ ਵਿਕਸਿਤ ਕਰਦੇ ਹਨ।
- **ਕੈਂਪਸ ਤੋਂ ਬਾਹਰ ਦੀ ਸਿੱਖਿਆ** ਜੋ ਵਿਦਿਆਰਥੀਆਂ ਨੂੰ ਕਮਿਊਨਿਟੀ-ਆਧਾਰਿਤ ਕੰਮ ਦੀਆਂ ਸਾਈਟਾਂ (ਵਲੰਟੀਅਰ ਜਾਂ ਭੁਗਤਾਨਸ਼ੁਦਾ) ਵਿਖੇ ਕਲਾਸ ਤੋਂ ਬਾਹਰ ਦੀ ਪੜ੍ਹਾਈ, ਨਿਰੀਖਣ ਅਤੇ/ਜਾਂ ਪ੍ਰਦਰਸ਼ਨ ਵਿੱਚ ਹਿੱਸਾ ਲੈ ਕੇ ਕੰਮ ਅਤੇ ਜੀਵਨ ਦੀਆਂ ਹੋਰ ਭੂਮਿਕਾਵਾਂ ਨਾਲ ਸੰਬੰਧਿਤ ਗਿਆਨ ਅਤੇ ਹੁਨਰ ਹਾਸਲ ਕਰਨ ਦੇ ਯੋਗ ਬਣਾਉਂਦੀ ਹੈ। ਕੈਂਪਸ ਤੋਂ ਬਾਹਰ ਦੇ ਸਿੱਖਿਆ ਪ੍ਰੋਗਰਾਮਾਂ ਵਿੱਚ ਕਰੀਅਰ ਇੰਟਰਨਸ਼ਿਪ, ਗ੍ਰੀਨ ਸਰਟੀਫਿਕੇਟ ਪ੍ਰੋਗਰਾਮ, ਰਜਿਸਟਰਡ ਅਪ੍ਰੈਂਟਿਸਸ਼ਿਪ ਪ੍ਰੋਗਰਾਮ, ਕੰਮ ਦਾ ਤਜਰਬਾ, ਕੰਮ ਦਾ ਅਧਿਐਨ ਅਤੇ ਕੰਮ ਵਾਲੀ ਥਾਂ ਲਈ ਤਿਆਰੀ ਅਤੇ ਅਭਿਆਸ ਸ਼ਾਮਲ ਹਨ।

## ਸੰਬੰਧਿਤ ਜਾਣਕਾਰੀ

- ਕਰੀਅਰ ਐਜੂਕੇਸ਼ਨ ਟਾਸਕ ਫੋਰਸ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ